# CITY OF VANCOUVER

## ਮਾਰਕੀਟ ਰੇਟ ਤੋਂ ਹੇਠਾਂ ਕਿਰਾਏ ਨੂੰ ਅਨੁਕੂਲ ਬਣਾਉਣਾ

- ਮਾਰਕੀਟ ਰੇਟ ਤੋਂ ਹੇਠਾਂ ਰਿਹਾਇਸ਼, ਅਜਿਹੀ ਕਿਰਾਏ ਦੀ ਰਿਹਾਇਸ਼ ਹੁੰਦੀ ਹੈ ਜੋ ਕਿ ਮਾਰਕੀਟ ਕਿਰਾਏ ਦੀ ਰਿਹਾਇਸ਼ ਨਾਲੋਂ ਵਧੇਰੀ ਕਿਫ਼ਾਇਤੀ ਹੁੰਦੀ ਹੈ ਅਤੇ ਘਣਤਾ ਵਿੱਚ ਵਾਧੇ ਦੇ ਬਦਲੇ ਪ੍ਰਾਈਵੇਟ ਮਾਰਕੀਟ ਦੁਆਰਾ ਮੁਹੱਈਆ ਕੀਤੀ ਜਾਂਦੀ ਹੈ। ਇਸ ਪਰੋਗ੍ਰਾਮ ਦਾ ਮਕਸਦ ਵੈਨਕੂਵਰ ਦੇ 40% ਕਿਰਾਏਦਾਰ ਪਰਿਵਾਰਾਂ ਦੀਆਂ ਰਿਹਾਇਸ਼ੀ ਲੋੜਾਂ ਨੂੰ ਪੂਰਾ ਕਰਨਾ ਹੈ ਜੋ ਸੋਸ਼ਲ ਹਾਊਸਿੰਗ ਲਈ ਯੋਗਤਾ ਪੂਰੀ ਨਹੀਂ ਕਰਦੇ ਪਰ ਪੂਰਾ ਮਾਰਕੀਟ ਕਿਰਾਇਆ ਦੇਣ ਲਈ ਸੰਘਰਸ਼ ਕਰਦੇ ਹਨ।
- ਸਿਟੀ ਕੋਲ ਵਰਤਮਾਨ ਵਿੱਚ ਬਹੁਤ ਸਾਰੀਆਂ ਓਵਰਲੈਪਿੰਗ ਮਾਰਕੀਟ ਤੋਂ ਹੇਠਾਂ ਦੀਆਂ ਕਿਰਾਏ ਦੀਆਂ ਨੀਤੀਆਂ ਹਨ, ਅਤੇ ਉਹਨਾਂ ਨੂੰ ਮਿਆਰੀ ਬਣਾਉਣ ਲਈ ਤਬਦੀਲੀਆਂ ਦਾ ਪ੍ਰਸਤਾਵ ਕਰ ਰਹੀਹੈ। ਅਸੀਂ ਜਿਨ੍ਹਾਂ ਤਬਦੀਲੀਆਂ ਦਾ ਪ੍ਰਸਤਾਵ ਦੇ ਰਹੇ ਹਾਂ, ਉਹ 2017 ਵਿੱਚ ਦਰਮਿਆਨੀ ਆਮਦਨ ਰੈਂਟਲ ਪਾਇਲਟ ਪਰੋਗ੍ਰਾਮ (Moderate Income Rental Pilot Program - MIRHPP) ਦੀ ਮਨਜ਼ੂਰੀ ਤੋਂ ਬਾਅਦ ਸਿੱਖੇ ਗਏ ਸਬਕਾਂ ਦਾ ਨਤੀਜਾ ਹਨ, ਜੋ ਕਿ ਸਿਟੀ ਦੀ ਪਹਿਲੀ ਮਾਰਕੀਟ ਰੇਟ ਤੋਂ ਹੇਠਾਂ ਦੀ ਕਿਰਾਇਆ ਨੀਤੀ ਹੈ।
- ਪ੍ਰਸਤਾਵਿਤ ਤਬਦੀਲੀਆਂ ਸ਼ੁਰੂਆਤੀ ਕਬਜ਼ੇ ਦੇ ਸਮੇਂ ਅਤੇ ਯੂਨਿਟ ਟਰਨਓਵਰ (ਜਦੋਂ ਕੋਈ ਨਵਾਂ ਕਿਰਾਏਦਾਰ ਆਉਂਦਾ ਹੈ) ਵੇਲੇ ਮਾਰਕੀਟ ਰੇਟ ਤੋਂ ਹੇਠਾਂ ਕਿਰਾਏ ਦੀਆਂ ਦਰਾਂ ਨੂੰ ਨਿਰਧਾਰਤ ਕਰਨ ਲਈ ਸਿਟੀ ਦੀ ਪਹੁੰਚ ਦਾ ਮਾਨਕੀਕਰਨ 'ਤੇ ਧਿਆਨ ਕੇਂਦਰਿਤ ਕਰਦਾ ਹੈ। ਤਬਦੀਲੀਆਂ ਇਸ ਗੱਲ ਦੀ ਗਾਰੰਟੀ ਦੇਣਗੀਆਂ ਕਿ ਚਾਰਜ ਕੀਤੇ ਗਏ ਕਿਰਾਏ ਇੱਕ ਨਿਸ਼ਚਿਤ ਪ੍ਰਤਿਸ਼ਤ 'ਤੇ ਮਾਰਕੀਟ ਰੇਟ ਤੋਂ ਹੇਠਾਂ ਰਹਿਣਗੇ।
- ਇਹਨਾਂ ਅੱਪਡੇਟਾਂ ਦੇ ਮੁੱਖ ਟੀਚੇ ਇਹ ਹਨ:
  - > ਮਾਰਕੀਟ ਰੇਟ ਤੋਂ ਹੇਠਾਂ ਕਿਰਾਏ ਦੇ ਪਰੋਜੈਕਟਾਂ ਦੀ ਵਿੱਤੀ ਵਿਹਾਰਕਤਾ ਵਿੱਚ ਯੋਗਦਾਨ ਪਾਉਣਾ
  - > ਮਾਰਕੀਟ ਰੇਟ ਤੋਂ ਹੇਠਾਂ ਕਿਰਾਏ ਦੇ ਘਰ ਵਿਕਸਿਤ ਕਰਨ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣਾ; ਅਤੇ
  - > ਬਣਾਏ ਗਏ ਮਾਰਕੀਟ ਰੇਟ ਤੋਂ ਹੇਠਾਂ ਕਿਰਾਏ ਦੇ ਘਰਾਂ ਦੀ ਗਿਣਤੀ ਵਧਾਉਣੀ।

ਇਹ ਤਬਦੀਲੀਆਂ ਮੌਜੂਦਾ ਕਿਰਾਏਦਾਰਾਂ ਨੂੰ ਪ੍ਰਭਾਵਿਤ ਨਹੀਂ ਕਰਨਗੀਆਂ ਜੋ ਵਰਤਮਾਨ ਵਿੱਚ ਮਾਰਕੀਟ ਰੇਟ ਤੋਂ ਹੇਠਾਂ ਕਿਰਾਏ ਦੇ ਘਰਾਂ ਵਿੱਚ ਰਹਿ ਰਹੇ ਹਨ।

## ਸ਼ਾਮਲ ਹੋਵੋ

ਜਨਤਕ ਸ਼ਮੂਲੀਅਤ ਦੇ ਹਿੱਸੇ ਵਜੋਂ, ਅਸੀਂ ਵਿਅਕਤੀਗਤ ਅਤੇ ਔਨਲਾਈਨ ਜਾਣਕਾਰੀ ਸੈਸ਼ਨਾਂ ਦੀ ਮੇਜ਼ਬਾਨੀ ਕਰ ਰਹੇ ਹਾਂ ਜਿੱਥੇ ਭਾਗੀਦਾਰ ਇਹਨਾਂ ਪ੍ਰਸਤਾਵਿਤ ਤਬਦੀਲੀਆਂ ਬਾਰੇ ਹੋਰ ਜਾਣ ਸਕਦੇ ਹਨ।

ਸੂਚਨਾ ਸੈਸ਼ਨ ਹੇਠ ਲਿਖੇ ਸਥਾਨਾਂ ਅਤੇ ਸਮਿਆਂ 'ਤੇ ਆਯੋਜਿਤ ਕੀਤੇ ਜਾਣਗੇ:

**ਮੰਗਲਵਾਰ, 11 ਜੁਲਾਈ**
**ਸ਼ਾਮ 4:30 - 7:30 ਵਜੇ**
ਹਿਲਕਰੈਸਟ ਕਮਿਊਨਿਟੀ ਸੈਂਟਰ
ਆਰਟਸ ਐਂਡ ਕਰਾਫਟਸ ਰੂਮ

**ਬੁੱਧਵਾਰ, 12 ਜੁਲਾਈ**
**ਸ਼ਾਮ 5:30 – 8:30 ਵਜੇ**
ਕਰੀਕਸਾਈਡ ਕਮਿਊਨਿਟੀ ਸੈਂਟਰ
ਮਲਟੀਪਰਪਜ਼ ਰੂਮ 4

**ਵੀਰਵਾਰ, 13 ਜੁਲਾਈ**
**ਸ਼ਾਮ 6:00 - ਸ਼ਾਮ 7:30 ਵਜੇ**
ਔਨਲਾਈਨ ਸੈਸ਼ਨ। Eventbrite ਦੁਆਰਾ ਸਾਈਨ-ਅੱਪ ਕਰੋ

## ਪਿਛੋਕੜ

ਮਾਰਕੀਟ ਰੇਟ ਤੋਂ ਹੇਠਾਂ ਕਿਰਾਏ ਨੂੰ ਅਨੁਕੂਲ ਬਣਾਉਣਾ ਪਹਿਲਕਦਮੀ, ਹਾਊਸਿੰਗ ਵੈਨਕੂਵਰ ਰਣਨੀਤੀ (2018-2027) ਨੂੰ ਲਾਗੂ ਕਰਨ ਦਾ ਹਿੱਸਾ ਹੈ ਜੋ ਕਿ ਇਹ ਯਕੀਨੀ ਬਣਾਉਣ ਲਈ ਸਿਟੀ ਦੀ ਰਣਨੀਤੀ ਹੈ ਕਿ ਵੈਨਕੂਵਰ ਸਾਰੀਆਂ ਆਮਦਨੀ ਅਤੇ ਪਿਛੋਕੜ ਵਾਲੇ ਲੋਕਾਂ ਲਈ ਇੱਕ ਘਰ ਹੋ ਸਕਦਾ ਹੈ। ਹਾਊਸਿੰਗ ਵੈਨਕੂਵਰ ਵਿੱਚ ਇੱਕ ਸਮੁੱਚਾ ਟੀਚਾ ਸ਼ਾਮਲ ਹੈ - ਅਗਲੇ 10 ਸਾਲਾਂ ਵਿੱਚ 72,000 ਨਵੇਂ ਘਰ, ਜਿਸ ਵਿੱਚ 4,000 ਮਾਰਕੀਟ ਰੇਟ ਤੋਂ ਹੇਠਾਂ ਕਿਰਾਏ ਦੇ ਘਰ ਸ਼ਾਮਲ ਹਨ, ਤਾਂ ਜੋ ਸ਼ਹਿਰ ਵਿੱਚ ਆਮਦਨ ਅਤੇ ਰਿਹਾਇਸ਼ੀ ਵਿਵਿਧਤਾ ਦੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਦਰਸਾਇਆ ਜਾ ਸਕੇ।

**ਹਾਊਸਿੰਗ ਵੈਨਕੂਵਰ ਬਾਰੇ ਹੋਰ ਜਾਣਨ ਲਈ**
vancouver.ca/people-programs/housing-vancouver-strategy.aspx

CITY OF VANCOUVER | HOUSING VANCOUVER

© 2023 City of Vancouver | 23-176 | Punjabi